ਪ੍ਰੈਸ ਨੋਟ ਨੰਬਰ 1

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਮਾਰਕਫੈਡ ਨੇ ਵੀ ਸੰਭਾਲੀ ਕਮਾਨ, ਘਰ ਘਰ ਕਰੇਗਾ ਰਾਸ਼ਨ ਦੀ ਸਪਲਾਈ

ਬਠਿੰਡਾ, 2 ਅਪ੍ਰੈਲ :

ਪੰਜਾਬ ਦੇ ਸਹਿਕਾਰੀ ਅਦਾਰੇ ਮਾਰਕਫੈਡ ਨੇ ਵੀ ਕਰੋਨਾ ਕਾਰਨ ਲੱਗੇ ਕਰਫਿਊ ਵਿਚ ਲੋਕ ਸੇਵਾ ਦੀ ਕਮਾਨ ਸੰਭਾਲੀ ਹੈ। ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਇਸ ਸਬੰਧੀ ਦੱਸਿਆ ਕਿ ਮਾਰਕਫੈਡ ਨੂੰ ਜ਼ਿਲੇ ਵਿਚ ਘਰੋ ਘਰੀ ਰਾਸ਼ਨ ਸਪਲਾਈ ਲਈ ਅਧਿਕਾਰਤ ਕੀਤਾ ਗਿਆ ਹੈ।ਉਨਾਂ ਨੇ ਦੱਸਿਆ ਕਿ ਇਸ ਨਾਲ ਲੋਕਾਂ ਨੂੰ ਉਚੱ ਗੁਣਵਤਾ ਦੇ ਉਤਪਾਦ ਵਾਜਬ ਰੇਟ ਤੇ ਘਰ ਬੈਠਿਆ ਹੀ ਮਿਲ ਸਕਣਗੇ।

ਇੱਥੇ ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਬਠਿੰਡਾ ਸ਼ਹਿਰ ਵਿਚ ਜਿੱਥੇ ਦੋ ਦਰਜਨ ਵੱਡੇ ਸਟੋਰ ਘਰ ਘਰ ਰਾਸ਼ਨ ਦੀ ਸਪਲਾਈ ਕਰ ਰਹੇ ਹਨ ਉਥੇ ਹੀ ਸਵੀਗੀ ਅਤੇ ਜੋਮੈਟੋ ਵੀ ਸਮਾਨ ਦੀ ਹੋਮ ਡਲੀਵਰੀ ਦੇ ਰਹੀ ਹੈ। ਇਸ ਤੋਂ ਬਿਨਾਂ ਜ਼ਿਲੇ ਦੇ ਹੋਰ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਤੱਕ ਵੀ ਰਾਸ਼ਨ ਦੀ ਘਰੋ ਘਰੀ ਸਪਲਾਈ ਲਈ ਪ੍ਰਸ਼ਾਸਨ ਵੱਲੋਂ ਸਥਾਨਕ ਪੱਧਰ ਤੇ ਵਿਵਸਥਾ ਕੀਤੀ ਗਈ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਮਾਰਕਫੈਡ ਦੇ ਜ਼ਿਲਾ ਮੈਨੇਜਰ ਸ: ਐਚ.ਐਸ. ਧਾਲੀਵਾਲ ਨੇ ਦੱਸਿਆ ਕਿ ਫਿਲਹਾਲ ਮਾਰਕਫੈਡ ਬਠਿੰਡਾ ਤੋਂ ਇਲਾਵਾ ਰਾਮਪੁਰਾ ਅਤੇ ਭੁੱਚੋ ਵਿਚ ਰਾਸ਼ਨ ਦੀ ਹੋਮ ਡਲੀਵਰੀ ਅੱਜ ਤੋਂ ਸ਼ੁਰੂ ਕਰ ਰਿਹਾ ਹੈ। ਉਨਾਂ ਨੇ ਦੱਸਿਆ ਕਿ ਮਾਰਕਫੈਡ ਵੱਲੋਂ ਕਰਿਆਣੇ ਦਾ ਸਾਰਾ ਲੋੜੀਂਦਾ ਸਮਾਨ ਲੋਕਾਂ ਦੀਆਂ ਬਰੂਹਾਂ ਤੱਕ ਪੁੱਜਦਾ ਕੀਤਾ ਜਾਵੇਗਾ ਤਾਂ ਜੋ ਕੋਈ ਵੀ ਨਾਗਰਿਕ ਬੁਨਿਆਦੀ ਵਸਤਾਂ ਤੋਂ ਵਾਂਝਾ ਨਾ ਰਹੇ। ਉਨਾਂ ਨੇ ਜ਼ਿਲਾ ਵਾਸੀਆਂ ਨੂੰ ਅਪੀਲ ਵੀ ਕੀਤੀ ਕਿ ਜਦ ਉਨਾਂ ਦਾ ਵਾਹਨ ਰਾਸ਼ਨ ਲੈ ਕੇ ਤੁਹਾਡੇ ਗਲੀ ਮੁਹੱਲੇ ਵਿਚ ਆਵੇ ਤਾਂ ਉੱਥੇ ਭੀੜ ਇੱਕਠੀ ਨਾ ਕੀਤੀ ਜਾਵੇ ਅਤੇ ਆਪਸੀ ਫਾਸਲਾ ਬਣਾਈ ਰੱਖਦੇ ਹੋਏ ਹੀ ਖਰੀਦਦਾਰੀ ਕੀਤੀ ਜਾਵੇ। ਇਸ ਸਬੰਧੀ ਮਾਰਕਫੈਡ ਨੇ ਹੈਲਪਲਾਈਨ ਨੰਬਰ 9855617140 ਵੀ ਜਾਰੀ ਕੀਤਾ ਗਿਆ ਹੈ।

ਬਾਕਸ ਲਈ ਪ੍ਰਸਤਾਵਿਤ

ਤਲਵੰਡੀ ਸਾਬੋ ਵਿਚ ਲੋੜਵੰਦਾਂ ਨੂੰ ਦਿੱਤਾ ਜਾ ਰਿਹਾ ਹੈ ਰਾਸ਼ਨ

ਤਲਵੰਡੀ ਸਾਬੋ ਦੇ ਐਸ.ਡੀ.ਐਮ. ਸ: ਵਰਿੰਦਰ ਸਿੰਘ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜਵੰਦ ਲੋਕਾਂ ਨੂੰ ਮੁਫ਼ਤ ਰਾਸ਼ਨ ਦੇਣ ਦੀ ਵਿਵਸਥਾ ਕੀਤੀ ਜਾ ਰਹੀ ਹੈ। ਉਨਾਂ ਨੇ ਕਿਹਾ ਕਿ ਹੁਣ ਤੱਕ ਸਬ ਡਵੀਜ਼ਨ ਵਿਚ 996 ਲੋਕਾਂ ਨੂੰ ਸੁੱਕੇ ਰਾਸ਼ਨ ਦੇ ਪੈਕਟ ਵੰਡੇ ਗਏ ਹਨ ਜਦ ਕਿ ਹੁਣ ਤੱਕ 13395 ਲੋਕਾਂ ਨੂੰ ਪੱਕਿਆ ਹੋਇਆ ਭੋਜਨ ਮੁਹਈਆ ਕਰਵਾਇਆ ਜਾ ਚੁੱਕਿਆ ਹੈ।



ਪ੍ਰੈਸ ਨੋਟ ਨੰਬਰ 2

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਪਸ਼ੂ ਪਾਲਣ ਵਿਭਾਗ ਕਰਫਿਊ ਦੌਰਾਨ ਜਾਨਵਰਾਂ ਦੀ ਸਿਹਤ ਸੰਭਾਲ ਲਈ ਹੋਇਆ ਸਰਗਰਮ

ਪਸ਼ੂ ਪਾਲਕਾਂ ਲਈ ਸਿਹਤ ਸਲਾਹ ਜਾਰੀ

ਬਠਿੰਡਾ, 2 ਅਪ੍ਰੈਲ :

ਕਰੋਨਾ ਵਾਇਰਸ ਦੇ ਖਤਰੇ ਤੋਂ ਮਨੁੱਖਤਾ ਨੂੰ ਬਚਾਉਣ ਲਈ ਲਗਾਏ ਗਏ ਕਰਫਿਊ ਦੌਰਾਨ ਜ਼ਿਲੇ ਦਾ ਪਸ਼ੂ ਪਾਲਣ ਵਿਭਾਗ ਲਗਾਤਾਰ ਐਮਰਜੈਂਸੀ ਸੇਵਾਵਾਂ ਨਿਭਾਅ ਰਿਹਾ ਹੈ। ਸਮੁੱਚੇ ਜ਼ਿਲੇ ਵਿਚ ਵਿਭਾਗ ਦੀਆਂ ਸੰਸਥਾਵਾਂ ਖੁੱਲੀਆਂ ਹਨ। ਇਹ ਜਾਣਕਾਰੀ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ: ਅਮਰੀਕ ਸਿੰਘ ਨੇ ਦਿੱਤੀ। ਉਨਾਂ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਦੇ ਹੁਕਮਾਂ ਅਨੁਸਾਰ ਵਿਭਾਗ ਲਗਾਤਾਰ ਯਤਨਸ਼ੀਲ ਹੈ ਕਿ ਇਸ ਔਖੀ ਘੜੀ ਵਿਚ ਸਾਡੇ ਪਸ਼ੂ ਪਾਲਕਾਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਉਨਾਂ ਦੇ ਪਸ਼ੂਆਂ ਨੂੰ ਮਾਹਿਰ ਵੈਟਰਨਰੀ ਡਾਕਟਰਾਂ ਦੀਆਂ ਸੇਵਾਵਾਂ ਮਿਲਦੀਆਂ ਰਹਿਣ ਅਤੇ ਸਾਡੇ ਪਸ਼ੂ ਧੰਨ ਦਾ ਕੋਈ ਨੁਕਸਾਨ ਨਾ ਹੋਵੇ। ਇਸ ਤੋਂ ਬਿਨਾਂ ਵਿਭਾਗ ਨੇ ਪਸ਼ੂਆਂ ਦੀ ਫੀਡ ਦੀ ਢੋਆ ਢੁਆਈ ਵੀ ਯਕੀਨੀ ਬਣਾਈ ਹੈ ਤਾਂ ਜੋ ਪਸ਼ੂ ਪਾਲਕਾਂ ਤੱਕ ਇਸਦੀ ਪਹੁੰਚ ਵਿਚ ਕੋਈ ਦਿੱਕਤ ਨਾ ਆਵੇ।

ਡਿਪਟੀ ਡਾਇਰੈਕਟਰ ਡਾ: ਅਮਰੀਕ ਸਿੰਘ ਨੇ ਕਿਹਾ ਕਿ ਇਹ ਮੌਸਮ ਬਦਲਾਅ ਦਾ ਸਮਾਂ ਹੈ। ਕਿਸਾਨ ਇਸ ਸਮੇਂ ਆਪਣੇ ਜਾਨਵਰਾਂ ਨੂੰ ਘਰ ਵਿਚ ਹੀ ਰੱਖ ਦੇ ਦੇਖਪਾਲ ਕਰਨ। ਉਨਾਂ ਨੇ ਕਿਹਾ ਕਿ ਜਾਨਵਰਾਂ ਨੂੰ ਆਂਢੀ ਗੁਆਂਢੀ ਦੇ ਜਾਨਵਰਾਂ ਨਾਲ ਮਿਲਣ ਨਾ ਦਿਓ ਕਿਉਂਕਿ ਮੂੰਹ ਖੁਰ ਬਿਮਾਰੀ ਅਜਿਹੇ ਮੌਸਮ ਵਿਚ ਆ ਸਕਦੀ ਹੈ ਜੋ ਕਿ ਛੂਤ ਦੀ ਬਿਮਾਰੀ ਹੈ ਅਤੇ ਇਕ ਜਾਨਵਰ ਤੋਂ ਦੂਜੇ ਜਾਨਵਰ ਨੂੰ ਹੋ ਸਕਦੀ ਹੈ। ਉਨਾਂ ਨੇ ਕਿਹਾ ਕਿ ਕਿਸਾਨ ਜਾਨਵਰਾਂ ਦੀ ਸਹੀ ਸੰਭਾਲ ਕਰਨ।

ਡਾ: ਅਮਰੀਕ ਸਿੰਘ ਨੇ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਤੋਂ ਦੁੱਧ ਚੁੱਕਣ ਲਈ ਵੇਰਕਾ ਸਮੇਤ 5 ਏਂਜਸੀਆਂ ਨੂੰ ਅਧਿਕਾਰਤ ਕੀਤਾ ਗਿਆ ਹੈ ਤਾਂ ਜੋ ਸਾਡੇ ਦੁੱਧ ਉਤਪਾਦਕ ਕਿਸਾਨਾਂ ਦਾ ਨੁਕਸਾਨ ਨਾ ਹੋਵੇ ਅਤੇ ਖਪਤਕਾਰਾਂ ਤੱਕ ਵੀ ਦੁੱਧ ਦੀ ਸਪਲਾਈ ਨਿਯਮਤ ਤਰੀਕੇ ਨਾਲ ਹੁੰਦੀ ਰਹੇ।

ਬਾਕਸ ਲਈ ਪ੍ਰਸਤਾਵਿਤ

ਪੋਲੀਕਲੀਨਕ ਵਿਚ ਕੀਤੇ ਕੁੱਤੀ ਦਾ ਆਪ੍ਰੇਸ਼ਨ

ਜ਼ਿਲੇ ਵਿਚ ਪਸ਼ੂ ਪਾਲਣ ਵਿਭਾਗ ਦੇ ਪੋਲੀਕਲੀਨਕ ਵਿਚ ਅੱਜ ਇਕ ਕੁੱਤੀ ਦਾ ਅਪ੍ਰੇਸ਼ਨ ਕਰਕੇ ਉਸਦੇ ਪੇਟ ਵਿਚੋਂ ਮਰੇ ਹੋਏ ਬੱਚੇ ਕੱਢੇ ਗਏ ਤਾਂ ਜੋ ਕੁੱਤੀ ਦੀ ਜਾਨ ਬਚਾਈ ਜਾ ਸਕੇ। ਡਾ: ਅਮਰੀਕ ਸਿੰਘ ਨੇ ਦੱਸਿਆ ਕਿ ਇਹ ਆਪ੍ਰੇਸ਼ਨ ਡਾ: ਨਰਿੰਦਰ ਗਾਇਨਾਕਾਲੋਜਿਸਟ ਨੇ ਕੀਤਾ ਅਤੇ ਡਾ: ਦਲਜੀਤ ਨੇ ਉਨਾਂ ਦਾ ਸਹਿਯੋਗ ਕੀਤਾ। ਇਸ ਕੁੱਤੀ ਦੇ ਪੇਟ ਵਿਚ 12 ਕਤੂਰੇ ਕੱਢੇ ਗਏ ਹਨ। ਇਸ ਤੋਂ ਬਿਨਾਂ ਵੈਟਰਨਰੀ ਡਾਕਟਰ ਪਿੰਡਾਂ ਵਿਚ ਲੋਕਾਂ ਦੇ ਜਾਨਵਰਾਂ ਦੇ ਇਲਾਜ ਵਿਚ ਲੱਗੇ ਹੋਏ ਹਨ।

ਬਾਕਸ ਲਈ ਪ੍ਰਸਤਾਵਿਤ

ਕਿਸੇ ਮੁਸਕਿਲ ਸਮੇਂ ਪਸ਼ੂ ਪਾਲਕ ਕਰਨ ਸੰਪਰਕ

ਡਿਪਟੀ ਡਾਇਰੈਕਟਰ ਡਾ: ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲੇ ਦੇ ਪਸ਼ੂ ਪਾਲਕ ਕਿਸੇ ਵੀ ਮੁਸਕਿਲ ਸਮੇਂ ਜਾਂ ਆਪਣੇ ਜਾਨਵਰਾਂ ਦੀ ਸਿਹਤ ਸੰਭਾਲ ਸਬੰਧੀ ਕੋਈ ਜਾਣਕਾਰੀ ਲਈ ਵਿਭਾਗ ਦੇ ਨਿਮਨ ਅਨੁਸਾਰ ਅਧਿਕਾਰੀਆਂ ਨਾਲ ਗੱਲ ਕਰ ਸਕਦੇ ਹਨ। ਡਾ: ਰਾਮਪਾਲ ਮਿੱਤਲ ਐਸ.ਵੀ.ਓ. ਬਠਿੰਡਾ 9417158959, ਡਾ: ਪ੍ਰਵੀਨ ਚੋਪੜਾ ਐਸ.ਵੀ.ਓ. ਤਲਵੰਡੀ ਸਾਬੋ 94630 77981 ਜਾਂ ਡਾ: ਜਗਸੀਰ ਸਿੰਘ ਐਸ.ਵੀ.ਓ. ਰਾਮਪੁਰਾ ਨਾਲ 94170 67899 ਤੇ ਸੰਪਰਕ ਕੀਤਾ ਜਾ ਸਕਦਾ ਹੈ। ਹਰੇ ਚਾਰੇ ਸਬੰਧੀ ਕੋਈ ਵੀ ਜਾਣਕਾਰੀ ਲਈ ਕਿਸਾਨ ਡਾ: ਰਜਿੰਦਰ ਸਿੰਘ ਚਾਰਾ ਵਿਕਾਸ ਅਫ਼ਸਰ ਨਾਲ ਫੋਨ ਨੰਬਰ 89680 73220 ਤੇ ਸੰਪਰਕ ਕਰ ਸਕਦੇ ਹਨ।



ਪ੍ਰੈਸ ਨੋਟ ਨੰਬਰ 3

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕਰਫਿਊ ਉਲੰਘਣਾ ਦੇ 10 ਮਾਮਲੇ ਦਰਜ, 21 ਗ੍ਰਿਫਤਾਰ

ਬਠਿੰਡਾ, 2 ਅਪ੍ਰੈਲ :

ਬਠਿੰਡਾ ਜ਼ਿਲੇ ਵਿਚ ਬੀਤੇ 24 ਘੰਟਿਆਂ ਵਿਚ ਪੁਲਿਸ ਵੱਲੋਂ ਕਰਫਿਊ ਤੋੜਨ ਵਾਲੇ 24 ਲੋਕਾਂ ਖਿਲਾਫ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਇੰਨਾਂ ਮਾਮਲਿਆਂ ਵਿਚ 21 ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਜਦ ਕਿ 3 ਮਾਲੂਮ ਅਤੇ ਕੁਝ ਨਾਮਾਲੂਮ ਵਿਅਕਤੀਆਂ ਦੀ ਗ੍ਰਿਫਤਾਰੀ ਬਾਕੀ ਹੈ। ਇਹ ਜਾਣਕਾਰੀ ਜ਼ਿਲੇ ਦੇ ਐਸ.ਐਸ.ਪੀ. ਡਾ: ਨਾਨਕ ਸਿੰਘ ਨੇ ਦਿੱਤੀ ਹੈ। ਡਾ: ਨਾਨਕ ਸਿੰਘ ਨੇ ਇਸ ਮੌਕੇ ਜ਼ਿਲੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਰਾਂ ਦੇ ਅੰਦਰ ਹੀ ਰਹਿਣ ਅਤੇ ਕਰਫਿਊ ਦਾ ਉਲੰਘਣ ਕਰਕੇ ਘਰਾਂ ਤੋਂ ਬਾਹਰ ਨਾ ਨਿਕਲਣ। ਉਨਾਂ ਨੇ ਕਿਹਾ ਕਿ ਪੁਲਿਸ ਜ਼ਿਲੇ ਦੇ ਸਮੂਚੇ ਲੋਕਾਂ ਨੂੰ ਕਰੋਨਾ ਦੀ ਬਿਮਾਰੀ ਤੋਂ ਬਚਾਉਣ ਲਈ ਦਿਨ ਰਾਤ ਡਿਊਟੀ ਕਰ ਰਹੀ ਹੈ। ਉਨਾਂ ਨੇ ਜ਼ਿਲੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਹਿਯੋਗ ਕਰਨ। ਉਨਾਂ ਨੇ ਦੱਸਿਆ ਕਿ ਪਿੱਛਲੇ 24 ਘੰਟਿਆਂ ਵਿਚ ਦਰਜ ਕੇਸਾਂ ਵਿਚੋਂ ਕਈ ਪਿੰਡਾਂ ਨਾਲ ਸਬੰਧਤ ਹਨ ਜਿੱਥੇ ਲੋਕ ਬਿਨਾਂ ਕਾਰਨ ਤੋਂ ਘਰਾਂ ਤੋਂ ਬਾਹਰ ਨਿਕਲ ਰਹੇ ਸਨ। ਐਸ.ਐਸ.ਪੀ. ਨੇ ਸੱਪਸ਼ਟ ਕੀਤਾ ਕਿ ਜੋ ਕੋਈ ਵੀ ਬਿਨਾਂ ਪਾਸ ਤੋਂ ਘਰ ਤੋਂ ਬਾਹਰ ਆਵੇਗਾ ਪੁਲਿਸ ਉਸ ਖਿਲਾਫ ਕਾਰਵਾਈ ਕਰਨ ਲਈ ਮਜਬੂਰ ਹੋਵੇਗੀ।

ਪ੍ਰੈੱਸ ਨੋਟ ਨੰਬਰ 4

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ-19

ਕਰੋਨਾ ਵਾਇਰਸ ਨਾਲ ਨਜਿੱਠਣ ਦੇ ਮੱਦੇਨਜ਼ਰ ਪਿੰਡਾਂ ਦੇ ਲੋਕ ਹੋਏ ਸੁਚੇਤ

ਬਾਹਰੀ ਆਵਾਜਾਈ ਰੋਕਣ ਲਈ ਲਗਾਏ ਨਾਕੇ ਤੇ ਪਹਿਰਾ ਦੇਣਾ ਕੀਤਾ ਸ਼ੁਰੂ

ਬਠਿੰਡਾ, 2 ਅਪ੍ਰੈਲ : ਵਿਸ਼ਵ ਵਿਆਪੀ ਮਹਾਮਾਰੀ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਤੇ ਇਸ ਤੋਂ ਬਚਾਅ ਲਈ ਪਿੰਡਾਂ ਦੇ ਆਮ ਲੋਕ ਵੀ ਸੁਚੇਤ ਹੋਣੇ ਸ਼ੁਰੂ ਹੋ ਗਏ ਹਨ। ਡਿਪਟੀ ਕਮਿਸ਼ਨਰ ਸ੍ਰੀ ਬੀ.ਸ੍ਰੀਨਿਵਾਸਨ ਨੇ ਦੱਸਿਆ ਕਿ ਇਸ ਵਾਇਰਸ ਨੂੰ ਰੋਕਣ ਦੇ ਲਈ ਜ਼ਿਲੇ ਦੇ ਪਿੰਡਾਂ ਵਿੱਚ ਲੋਕਾਂ ਵਲੋਂ ਪੁਲਿਸ ਨੂੰ ਪੂਰਨ ਸਹਿਯੋਗ ਦਿੰਦਿਆਂ ਬਾਹਰੀ ਆਵਾਜਾਈ ਨੂੰ ਰੋਕਣ ਲਈ ਨਾਕੇ ਲਗਾਉਣ ਤੋਂ ਇਲਾਵਾ ਪਿੰਡਾਂ ਵਿੱਚ ਪਹਿਰਾ ਲਗਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ।

ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਜ਼ਿਲਾ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀ ਹਰਜਿੰਦਰ ਸਿੰਘ ਜੱਸਲ ਦੱਸਿਆ ਕਿ ਗ੍ਰਾਮ ਪੰਚਾਇਤ ਨੇਹੀਆ ਵਾਲਾ ਵਲੋਂ ਪਿੰਡ ਦੇ ਸਾਰੇ ਰਸਤਿਆਂ ਨੂੰ ਸੀਲ ਕਰ ਦਿੱਤਾ ਗਿਆ ਹੈ। ਬਾਹਰੀ ਆਵਾਜਾਈ ਨੂੰ ਰੋਕਣ ਲਈ ਪਿੰਡ ਅੰਦਰ ਪ੍ਰਵੇਸ਼ ਹੋਣ ਵਾਲਿਆਂ ਨਾਕੇ ਲਗਾ ਕੇ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪਿੰਡ ਵਾਸੀਆਂ ਵਲੋਂ ਕਰੋਨਾ ਮਹਾਮਾਰੀ ਦੇ ਖਿਲਾਫ਼ ਬੈਨਰ ਲਗਾ ਕੇ ਪਿੰਡ ਵਾਸੀਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਜ਼ਿਲੇ ਦੇ ਪਿੰਡ ਕੋਠੇ ਕੌਰ ਸਿੰਘ ਵਾਲੇ ਦੀ ਕਮੇਟੀ ਅਤੇ ਗ੍ਰਾਮ ਪੰਚਾਇਤ ਵਲੋਂ ਵੀ ਪਿੰਡ ਦੇ ਸਾਰੇ ਰਸਤਿਆਂ 'ਤੇ ਨਾਕੇ ਆਦਿ ਲਗਾ ਕੇ ਪਿੰਡ ਨੂੰ ਸੀਲ ਕਰ ਦਿੱਤਾ ਗਿਆ ਹੈ। ਇਸੇ ਤਰਾਂ ਕੋਠੇ ਫੂਲਾ ਸਿੰਘ ਅਤੇ ਬੀਬੀ ਵਾਲਾ ਵਿਖੇ ਵੀ ਪਿੰਡ ਵਾਸੀਆਂ ਵਲੋਂ ਸਾਂਝੀਆਂ ਕਮੇਟੀਆਂ ਬਣਾ ਕੇ ਨਾਕੇ ਲਗਾਉਣ ਦੇ ਨਾਲ-ਨਾਲ ਪਿੰਡ ਪੱਧਰ 'ਤੇ ਪਹਿਰਾ ਵੀ ਦਿੱਤਾ ਜਾ ਰਿਹਾ ਹੈ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਲਈ ਸੁਚੇਤ ਵੀ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿੰਡ ਵਾਸੀਆਂ ਵਲੋਂ ਸਾਂਝੇ ਤੌਰ 'ਤੇ ਸੈਨੀਟਾਈਜ਼ ਵੀ ਕੀਤਾ ਜਾ ਰਿਹਾ ਹੈ।

ਜ਼ਿਲਾ ਵਿਕਾਸ ਤੇ ਪੰਚਾਇਤ ਅਫ਼ਸਰ ਨੇ ਇਸ ਮੌਕੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵਲੋਂ ਲਗਾਏ ਗਏ ਕਰਫ਼ਿਊ ਦਾ ਸਖ਼ਤੀ ਨਾਲ ਪਾਲਣ ਕਰਨ ਤਾਂ ਜੋ ਕੋਵਿਡ 19 ਬਿਮਾਰੀ ਨੂੰ ਅੱਗੇ ਫੈਲਣ ਤੋਂ ਆਪਾ ਰੋਕ ਸਕੀਏ। ਉਨਾਂ ਕਿਹਾ ਕਿ ਆਪਸੀ ਸੰਪਰਕ ਨੂੰ ਬਿਲਕੁਲ ਬੰਦ ਕਰ ਦਿੱਤਾ ਜਾਵੇ ਅਤੇ ਬਹੁਤ ਐਮਰਜੈਂਸੀ ਵਿਚ ਹੀ ਘਰ ਤੋਂ ਬਾਹਰ ਨਿਕਲਿਆ ਜਾਵੇ।



ਪ੍ਰੈਸ ਨੋਟ ਨੰਬਰ 5

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਜ਼ਿਲਾ ਬਠਿੰਡਾ ਵਿਚ ਫਿਲਹਾਲ ਨਹੀਂ ਕਰੋਨਾ ਮਰੀਜ ਡੀਸੀ

ਪਰ ਇਹ ਵਕਤ ਅਵੇਸਲੇ ਹੋਣ ਦਾ ਨਹੀਂ

8210 ਕੁਇੰਟਲ ਕਣਕ ਦੀ ਵੰਡ ਹੋਈ

9187 ਗੈਸ ਸਿੰਲਡਰਾਂ ਦੀ ਹੋਈ ਸਪਲਾਈ

**ਬਠਿੰਡਾ, 2 ਅਪ੍ਰੈਲ :** ਬਠਿੰਡਾ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦੱਸਿਆ ਹੈ ਕਿ ਫਿਲਹਾਲ ਜ਼ਿਲੇ ਵਿਚ ਕਰੋਨਾ ਦਾ ਕੋਈ ਵੀ ਸ਼ੱਕੀ ਜਾਂ ਕਨਫਰਮ ਕੇਸ ਨਹੀਂ ਹੈ। ਪਰ ਨਾਲ ਹੀ ਉਨਾਂ ਨੇ ਕਿਹਾ ਕਿ ਇਹ ਸਮਾਂ ਅਵੇਸਲੇ ਹੋਣ ਦਾ ਨਹੀਂ ਹੈ ਸਗੋਂ ਅਗਲੇ ਦਿਨਾਂ ਦੌਰਾਨ ਸਾਨੂੰੂ ਕਰਫਿਊ ਦੀ ਵਧੇਰੇ ਸਖ਼ਤੀ ਨਾਲ ਪਾਲਣਾ ਕਰਨੀ ਪਵੇਗੀ ਤਾਂ ਜੋ ਸਾਡੇ ਵੱਲ ਵੱਧ ਰਹੇ ਕਰੋਨਾ ਵਾਇਰਸ ਦੇ ਖਤਰੇ ਨੂੰ ਰੋਕਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਡੀ ਛੋਟੀ ਜਿਹੀ ਇੱਕ ਭੁੱਲ ਹੀ ਪੂਰੇ ਸਮਾਜ  ਲਈ ਮਾਰੂ ਸਾਬਿਤ ਹੋ ਸਕਦੀ ਹੈ ਇਸ ਲਈ ਲੋਕ ਘਰਾਂ ਵਿਚ ਰਹਿਣ ਅਤੇ ਇਸ ਸਮੇਂ ਆਪਣੇ ਆਂਢ ਗੁਆਂਢ ਨਾਲ ਵੀ ਨਿੱਜੀ ਸੰਪਰਕ ਤੋਂ ਬਚਿਆ ਜਾਵੇ। ਉਨਾਂ ਨੇ ਕਿਹਾ ਕਿ ਇਹ ਬਹੁਤ ਹੀ ਸੰਵੇਨਦਸ਼ੀਲ ਸਮਾਂ ਹੈ ਜਦੋਂ ਸਾਡੇ ਲੋਕਾਂ ਵੱਲੋਂ ਵਿਖਾਏ ਸੰਜਮ ਦਾ ਲਾਭ ਸਭ ਨੂੰੂ ਹੋਵੇਗਾ।

ਇਸੇ ਤਰਾਂ ਉਨਾਂ ਨੇ ਦੱਸਿਆ ਕਿ ਜ਼ਿਲੇ ਦੇ ਲੋਕਾਂ ਤੱਕ ਬੁਨਿਆਦੀ ਵਸਤਾਂ ਦੀ ਪਹੁੰਚ ਯਕੀਨੀ ਬਣਾਉਣ ਲਈ ਜ਼ਿਲਾ ਪ੍ਰਸ਼ਾਸਨ ਲਗਾਤਾਰ ਯਤਨਸ਼ੀਲ ਹੈ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ਅਨੁਸਾਰ ਲਗਾਤਾਰ ਸਾਰੇ ਵਿਭਾਗ ਕੰਮ ਕਰ ਰਹੇ ਹਨ ਅਤੇ ਸਮਾਜ ਸੇਵੀ ਇਸ ਸਬੰਧੀ ਪ੍ਰਸ਼ਾਸਨ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲੇ ਵਿਚ ਹੁਣ ਤੱਕ 7305 ਪਰਿਵਾਰਾਂ ਨੂੰ 8210 ਕੁਇੰਟਲ ਕਣਕ ਦੀ ਵੰਡ ਜਨਤਕ ਵੰਡ

ਪ੍ਰਣਾਲੀ ਦੇ ਲਾਭਪਾਤਰੀਆਂ ਨੂੰ ਕੀਤੀ ਗਈ ਹੈ। ਇਸੇ ਤਰਾਂ ਹੀ ਸਿਰਫ ਅੱਜ ਦੇ ਦਿਨ ਜ਼ਿਲੇ ਵਿਚ ਵੱਖ ਵੱਖ ਗੈਸ ਏਜੰਸੀਆਂ ਵੱਲੋਂ 9187 ਗੈਸ ਸਿੰਲਡਰਾਂ ਦੀ ਸਪਲਾਈ ਕੀਤੀ ਗਈ ਹੈ।